# ਪੰਜਾਬ ਵਿਧਾਨ ਸਭਾ

## ਪੰਜਾਬ ਖੇਤੀਬਾੜੀ ਉਤਪਾਦ ਬਾਜ਼ਾਰ
## (ਸੋਧ) ਬਿੱਲ,2024

2024 ਦਾ ਪੰਜਾਬ ਬਿੱਲ ਨੰ:.......11.ਪੀ.ਐੱਲ.ਏ.

ਪੰਜਾਬ ਖੇਤੀਬਾੜੀ ਉਤਪਾਦ ਮੰਡੀਆ ਐਕਟ, 1961 ਵਿੱਚ ਸੋਧ ਕਰਨ ਲਈ

ਇੱਕ ਬਿੱਲ।

ਇਸ ਨੂੰ ਭਾਰਤ ਗਣਰਾਜ ਦੇ 75ਵੇਂ ਸਾਲ ਵਿੱਚ ਪੰਜਾਬ ਰਾਜ ਦੀ ਵਿਧਾਨ ਸਭਾ ਦੁਆਰਾ ਹੇਠ ਲਿਖੇ ਅਨੁਸਾਰ ਲਾਗੂ ਕੀਤਾ ਜਾਵੇਗਾ:-

| | |
|---|---|
| ਸੰਖੇਪ ਸਿਰਲੇਖ ਅਤੇ ਆਰੰਭ | 1. (i) ਇਸ ਐਕਟ ਨੂੰ ਪੰਜਾਬ ਖੇਤੀਬਾੜੀ ਉਪਜ ਮੰਡੀਆਂ (ਸੋਧ) ਐਕਟ, 2024 ਕਿਹਾ ਜਾਵੇਗਾ।<br>(ii) ਇਸ ਸਰਕਾਰੀ ਗਜਟ ਵਿੱਚ ਪ੍ਰਕਾਸਤ ਹੋਣ ਦੀ ਮਿਤੀ ਤੋਂ ਲਾਗੂ ਹੋਵੇਗਾ। |
| 1961 ਦੇ ਪੰਜਾਬ ਐਕਟ 23 ਦੀ ਧਾਰਾ 12-ਏ ਵਿੱਚ ਸੱਧ। | 2. ਪੰਜਾਬ ਖੇਤੀਬਾੜੀ ਉਪਜ ਮੰਡੀਆਂ ਐਕਟ, 1961 ਦੀ ਧਾਰਾ 12-ਏ ਵਿੱਚ<br>(i) ਕਲਾਜ (ਸੀ) ਦੀ ਜਗ੍ਹਾ ਹੇਠ ਲਿਖੇ ਅਨੁਸਾਰ ਕਲਾਜ ਸਾਮਲ ਕੀਤਾ ਜਾਂਦਾ ਹੈ-<br>(ਸੀ) ਕਮੇਟੀਆਂ ਦੀ ਬਰਖਾਸਤਗੀ ਦੀ ਮਿਆਦ ਦੌਰਾਨ, ਇਸ ਐਕਟ ਦੁਆਰਾ ਜਾਂ ਇਸ ਐਕਟ ਅਧੀਨ ਕਮੇਟੀ, ਇਸ ਦੇ ਚੇਅਰਮੈਨ, ਵਾਈਸ ਚੇਅਰਮੈਨ ਅਤੇ ਹੋਰ ਮੈਂਬਰਾਂ ਨੂੰ ਪ੍ਰਦਾਨ ਕੀਤੀਆਂ ਗਈਆਂ ਸਾਰੀਆ ਸਕਤੀਆਂ ਅਤੇ ਡਿਊਟੀਆਂ ਦੀ ਵਰਤੋਂ ਅਤੇ ਪਾਲਨਾ, ਸਰਕਾਰ ਵਲੋਂ ਨਿਯੁਕਤ ਕੀਤੇ ਗਏ ਅਧਿਕਾਰੀ ਦੁਆਰਾ ਕੀਤੀ ਜਾਵੇਗੀ। ਅਜਿਹਾ ਅਧਿਕਾਰੀ ਇਹ ਕੰਮ ਉਦੋਂ ਤੱਕ ਕਰਦਾ ਰਹੇਗਾ ਜਦੋਂ ਤੱਕ ਉਕਤ ਕਮੇਟੀ ਦਾ ਪੁਰਨਗਠਨ ਨਹੀਂ ਕਰ ਦਿੱਤਾ ਜਾਂਦਾ ਅਤੇ ਸਰਕਾਰ ਇਸ ਬਾਬਤ ਲਿਖਤੀ ਆਦੇਸ ਜਾਰੀ ਨਹੀਂ ਕਰਦੀ।"<br>(ii) ਪ੍ਰੋਵਾਈਸੋ ਦੇ ਵਿੱਚ "ਇੱਕ ਸਾਲ" ਸਬਦਾ ਦੀ ਬਜਾਏ "ਤਿੰਨ ਸਾਲ" ਸਬਦ ਦਰਜ ਕੀਤੇ ਜਾਣਗੇ। |

## ਉਦੇਸ਼ਾਂ ਅਤੇ ਕਾਰਨਾਂ ਦੀ ਸਟੇਟਮੈਂਟ

"ਪੰਜਾਬ ਖੇਤੀਬਾੜੀ ਉਪਜ ਮੰਡੀਆਂ ਐਕਟ "1961" ਦੀ ਸੋਧ ਨੋਟੀਫਿਕੇਸ਼ਨ ਨੰ. 16-Leg/2022 ਮਿਤੀ 27.07.2022 ਰਾਹੀਂ ਜਾਰੀ ਕੀਤੀ ਗਈ ਸੀ। ਜਿਸ ਦੇ ਸਿੱਟੇ ਵਜੋਂ ਮਾਰਕਿਟ ਕਮੇਟੀਆਂ ਸੁਪਰਸੀਡ ਕਰਨ ਉਪਰੰਤ ਉਨ੍ਹਾਂ ਦੀ ਥਾਂ ਪ੍ਰਬੰਧਕ ਨਿਯੁਕਤ ਕਰਕੇ ਉਨ੍ਹਾਂ ਨੂੰ ਸਬੰਧਤ ਮਾਰਕਿਟ ਕਮੇਟੀਆਂ ਦਾ ਕੰਮ ਕਾਜ ਸੰਭਾਲਣ ਦੇ ਅਧਿਕਾਰ ਦਿੱਤੇ ਗਏ ਸਨ। ਮਾਰਕਿਟ ਕਮੇਟੀਆਂ ਦੇ ਪੁਨਰਗਠਨ ਕਰਨ ਦਾ ਸਮਾਂ ਮਿਤੀ 26.07.2023 ਨੂੰ ਖਤਮ ਹੋ ਚੁੱਕਾ ਹੈ। ਹੁਣ ਤੱਕ 62 ਮਾਰਕਿਟ ਕਮੇਟੀਆਂ ਦੇ ਚੇਅਰਮੈਨ ਦੀ ਨਿਯੁਕਤੀ ਕੀਤੀ ਗਈ ਹੈ ਅਤੇ ਬਾਕੀ ਰਹਿੰਦੀਆਂ 94 ਮਾਰਕਿਟ ਕਮੇਟੀਆਂ ਦੇ ਪੁਨਰਗਠਨ ਕਰਨ ਲਈ ਹੋਰ ਸਮਾਂ ਲੋੜੀਂਦਾ ਹੈ। ਇਸ ਲਈ ਇਨ੍ਹਾਂ ਕਮੇਟੀਆਂ ਨੂੰ ਬਣਾਉਣ ਦੇ ਸਮੇਂ ਵਿੱਚ ਵਾਧਾ ਕਰਨਾ ਜਰੂਰੀ ਹੈ। ਇਸ ਲਈ ਮਾਰਕਿਟ ਕਮੇਟੀਆਂ ਦਾ ਪੁਨਰਗਠਨ ਕਰਨ ਲਈ ਇੱਕ ਸਾਲ ਦੇ ਸਮੇਂ ਵਿੱਚ ਹੋਰ ਦੋ ਸਾਲ ਦੇ ਸਮੇਂ ਦਾ ਮਿਤੀ 26.07.2025 ਤੱਕ ਵਾਧਾ ਕਰ ਦਿੱਤਾ ਜਾਵੇ ਅਤੇ ਜੇਕਰ ਫਿਰ ਵੀ ਮਿੱਥੇ ਗਏ ਸਮੇਂ ਵਿੱਚ ਸਾਰੀਆਂ ਮਾਰਕਿਟ ਕਮੇਟੀਆਂ ਦਾ ਪੁਨਰਗਠਨ ਨਹੀਂ ਹੁੰਦਾ ਤਾਂ ਸਰਕਾਰ ਵੱਲੋਂ ਨਿਯੁਕਤ ਕੀਤੇ ਗਏ ਪ੍ਰਬੰਧਕ ਮਾਰਕਿਟ ਕਮੇਟੀਆਂ ਦਾ ਕੰਮ ਕਾਜ ਕਰਦੇ ਰਹਿਣਗੇ ਜਦੋਂ ਤੱਕ ਸਰਕਾਰ ਵੱਲੋਂ ਅਜਿਹੀਆਂ ਮਾਰਕਿਟ ਕਮੇਟੀਆਂ ਦਾ ਪੁਨਰਗਠਨ ਨਹੀਂ ਕਰ ਦਿੱਤਾ ਜਾਂਦਾ।

**"ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ (ਤਰਮੀਮ) ਬਿੱਲ, 2024"** ਨੂੰ ਪੇਸ਼ ਕਰਨਾਂ ਉਪਰੋਕਤ ਅਨੁਸਾਰ ਲਾਭਦਾਇਕ ਹੋਵੇਗਾ।

**(ਗੁਰਮੀਤ ਸਿੰਘ ਖੁੱਡੀਆਂ)**
**ਮੰਤਰੀ ਇੰਚਾਰਜ**
**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ**

**ਚੰਡੀਗੜ੍ਹ**
**ਮਿਤੀ:** 2/9/24

---

ਚੰਡੀਗੜ੍ਹ
ਮਿਤੀ 03.09.2024

ਰਾਮ ਲੋਕ ਖਟਾਣਾ,
ਸਕੱਤਰ।

---

ਵਿ.ਨੋ- ਉਪਰੋਕਤ ਬਿੱਲ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਲਣ ਨਿਯਮਾਂਵਲੀ ਦੇ ਨਿਯਮ 121 ਦੀ ਸ਼ਰਤੀ ਧਾਰਾ ਅਧੀਨ ਪੰਜਾਬ ਸਰਕਾਰ ਗਜ਼ਟ (ਅਸਾਧਰਣ) ਮਿਤੀ 03 ਸਤੰਬਰ, 2024 ਵਿੱਚ ਪ੍ਰਕਾਸ਼ਿਤ ਕੀਤਾ ਗਿਆ।